ਮੁਕੱਦਮਾ ਪੈਰੀਗਰਿਨ ਟਰਸਟ ਨੇ ਸ਼ੁਰੂ ਕੀਤਾ ਸੀ, ਜੋ ਕਿ ਬੀ.ਸੀ. ਵਿੱਚ ਸਥਿੱਤ ਇੱਕ ਟਰਸਟ ਹੈ , ਜਿਹੜਾ ਆਪਣਾ ਕਈ ਅਰਬ ਡਾਲਰਾਂ ਦਾ ਨੁਕਸਾਨ ਹੋਇਆ ਮੰਨਦਾ ਹੈ।ਆਪਣੇ ਆਪ ਨੂੰ ਟਰਸਟ ਦੇ ਪਰਵਕਤਾ ਦੇ ਰੂਪ ਵਿੱਚ ਪੇਸ਼ ਕਰਦੇ ਹੋਏ, ਸਤਿੰਦਰ ਸਿੰਘ ਢਿੱਲੋਂ ਨੇ ਹਾਲ ਹੀ ਵਿੱਚ ਕਿਹਾ ਕਿ ਨੁਕਸਾਨ ਦੀ ਦਰ, ਜੋ ਕਿ ਸੋਨੇ ਦੀ ਹਰ ਰੋਜ਼ ਦੀ ਬਦਲਦੀ ਕੀਮਤ ਤੇ ਅਧਾਰਿਤ ਹੈ, ਹਰ ਰੋਜ਼ ਬਦਲਦੀ ਹੈ।

ਇਲਜ਼ਾਮਾਂ ਵਿੱਚ ਇਹ ਬਿਆਨ ਕੀਤਾ ਗਿਆ ਹੈ ਕਿ ਕਿਸ ਤਰ੍ਹਾਂ ਕਿੰਗਸਗੇਟ ਦੇ ਪੁਰਾਣੇ ਪਰਧਾਨ ਅਤੇ ਡਾਇਰੈਕਟਰ ਜੋਸਫ ਕੇ. ਆਨਨ ਨੇ ਦੋ ਵਕੀਲਾਂ, ਨਾਈਟ ਅਤੇ ਫਿਲਿਪ ਦੀ ਮੱਦਦ ਜਾਂ ਅਣਗਹਿਲੀ ਕਾਰਨ ਦਾਵੇਦਾਰ ਨੂੰ ਕਿੰਗਸਗੇਟ ਦੇ ਖਜਾਨੇ ਵਿੱਚੋਂ ਬਾਕੀ ਦਾ 1.52 ਅਰਬ ਹਿੱਸਾ ਦੇਣ ਤੋਂ ਇਨਕਾਰ ਕਰ ਦਿੱਤਾ ਜਿਸ ਦੀ ਪੂਰੀ ਕੀਮਤ ਅਦਾ ਕੀਤੀ ਜਾ ਚੁੱਕੀ ਸੀ।ਪੈਰੀਗਰਿਨ ਟਰਸਟ ਨੂੰ ਸਿਰਫ 2 ਅਰਬ ਤੋਂ ਥੋੜਾ ਜਿਹਾ ਜਿਆਦਾ ਹਿੱਸਾ ਹੀ ਦਿੱਤਾ ਗਿਆ।ਅੱਗੋਂ ਦਾਵੇਦਾਰ ਦਾ ਇਲਜ਼ਾਮ ਵਿੱਚ ਹੋਰ ਇਹ ਕਹਿਣਾ ਹੈ ਕਿ ਉਹ ਬਾਕੀ ਦੀ ਬਚਦੀ ਲੱਗਭੱਗ 3 ਅਰਬ ਤੱਕ ਦੇ ਹਿੱਸੇ ਨੂੰ ਹਾਸਲ ਕਰਨ ਲਈ ਕੋਸ਼ਿਸ਼ ਕਰਨ ਦਾ ਹੱਕ ਰੱਖਦਾ ਹੈ। ਕਿੰਗਸਗੇਟ ਆਪਣੇ ਸਾਰੇ ਹੱਕ ਮਿਲਣ ਤੋਂ ਬਾਅਦ ਆਪਣੀ ਕੁੱਲ ਸੰਪੱਤੀ ਵਿੱਚੋਂ ਪੈਰੀਗਰਿਨ ਟਰਸਟ ਨੂੰ ਦੋ ਤਿਹਾਈ ਹਿੱਸੇ ਤੋਂ ਵੀ ਜਿਆਦਾ ਕੰਪਨੀ ਦੇ ਸ਼ੇਅਰ ਦੇਣ ਦੀ ਕਰਜ਼ਦਾਰ ਹੋ ਸਕਦੀ ਸੀ।

ਕੰਪਨੀ ਦਾ ਮੁੱਖ ਕੰਮ ਪੱਛਮੀ ਅਫਰੀਕਾ ਦੇ ਘਾਨਾ ਸ਼ਹਿਰ ਵਿੱਚ ਸਥਿੱਤ ਸੁਪ੍ਰਸਿੱਧ ਅਸ਼ਾਂਤੀ ਗੋਲਡ ਬੈਲਟ ਦੇ ਵਿਚਾਲਿਉਂ ਸੋਨਾ ਲੱਭਣਾ ਅਤੇ ਖਣਜਕਾਰੀ ਵੱਲ ਕੇਂਦਰਿਤ ਹੈ। ਕੰਪਨੀ ਦੇ ਖਜਾਨੇ ਦਾ ਇੱਕ ਹਿੱਸਾ ਹੈ ਅਕੂਨ ਮਾਈਨ ਜਿਸ ਵਿੱਚੋਂ ਲੱਗਭੱਗ 5 ਅਰਬ ਔਂਸ ਸੋਨਾ ਨਿੱਕਲ ਚੁੱਕਾ ਹੈ ਜਦੋਂ ਦਾ ਕੰਮ ਸ਼ੁਰੂ ਹੋਇਆ ਹੈ।ਹੋਰ ਖਾਣਜਕਾਰੀ ਰਿਆਇਤਾਂ ਸੋਨੇ ਦੇ ਭਰਪੂਰ ਤਰਕਵਾ ਹਿੱਸੇ ਵਿੱਚ ਮੌਜੂਦ ਹਨ ਜੋ ਕਿ ਨਿਊਮੋਂਟ ਮਾਈਨਿੰਗ ਕੌਰਪੋਰੇਸ਼ਨ, ਐਂਗਲੋ ਗੋਲਡ ਅਸ਼ਾਂਤੀ ਲਿਮਿਟਡ, ਗੋਲਡ ਫੀਲਡ ਅਤੇ ਹੋਰ ਕਈ ਅਜੇਹੀਆਂ ਵੱਡੀਆਂ ਸੋਨੇ ਦੀਆਂ ਖਾਨਾਂ ਦੇ ਆਲੇ ਦੁਆਲੇ ਸਥਿਤ ਹਨ । ਢਿੱਲੋਂ ਨੇ ਕਿਹਾ, “ਮੈਂ ਸਮਝਦਾ ਹਾਂ ਕਿ ਸਹੀ ਗੁਣਕਾਰੀ ਸੋਨਾ ਇਕੱਠਾ ਕਰਨ ਦੇ ਸਾਧਨ ਵਿੱਚ ਅਤੇ ਭੰਡਾਰੇ ਵਿੱਚ ਕੁੱਲ ਮਿਲਾ ਕੇ 12 ਜਾਂ 13 ਅਰਬ ਔਂਸ ਤੋਂ ਵੀ ਜਿਆਦਾ ਸੋਨਾ ਹੋ ਸਕਦਾ ਹੈ”।

ਇਸ ਤੋਂ ਇਲਾਵਾ, ਵੀਅਤਨਾਮ ਦੇ ਕੰਢੇ ਦੇ ਨੇੜੇ ਤੇਲ ਅਤੇ ਗੈਸ ਦੀ ਖੋਜ ਕਰਨ ਦੇ ਮੌਕੇ ਨੂੰ ਖੁੰਝ ਜਾਣ ਦੇ ਘਾਟੇ ਦੀ ਗਲਤੀ ਦਾ ਹਿਸਾਬ ਲਗਾਉਣਾ ਹਲੇ ਬਾਕੀ ਹੈ।

ਇੱਕ ਗੁੰਝਲਦਾਰ ਅਤੇ ਗੁਪਤ ਤਰੀਕੇ ਨਾਲ ਕਿੰਗਸਗੇਟ ਦਾ ਖਜਾਨਾ ਨਵੇਦਾ ਸਥਿੱਤ ਪਬਲਿਕ ਕੰਪਨੀ -ਗੋਲਡ ਕੋਸਟ ਰਿਸੋਰਸਸ ਇੰਕ. ਵੱਲ ਗਲਤ ਤਰੀਕੇ ਨਾਲ ਤਬਦੀਲ ਕੀਤਾ ਗਿਆ। ਕਲੇਮ ਦੀ ਸਟੇਟਮੈਂਟ ਇਸ ਗੱਲ ਤੇ ਜੋਰ ਪਾਉਂਦੀ ਹੈ ਕਿ ਕਿੰਗਸਗੇਟ ਨੇ ਸ਼ੇਅਰ ਹੋਲਡਰਾਂ ਦੀਆਂ ਸਲਾਨਾ ਜਨਰਲ ਮੀਟਿੰਗਾਂ ਕਰਨ ਨੂੰ ਨਜ਼ਰਅੰਦਾਜ਼ ਕੀਤਾ ਜੋ ਕਿ ਅਲਬਰਟਾ ਬਿਜ਼ਨਸ ਕੋਰਪੋਰੇਸ਼ਨ ਐਕਟ ਵੱਲੋਂ ਲਾਜ਼ਮੀ ਸਨ। “ਮੁੱਕਦੀ ਗੱਲ ਇਹ ਹੈ”, ਢਿੱਲੋਂ ਨੇ ਕਿਹਾ, “ਕਿ ਟਰਸਟ ਅਤੇ ਉਸ ਦੇ ਕਨੂੰਨੀ ਪ੍ਰਤਿਨਿਧੀਆਂ ਦੀ ਬਾਰ-ਬਾਰ ਇਹੀ ਤਾਕੀਦ ਸੀ ਕਿ ਇਹਨਾਂ